India Media Monitor

Punjabi Jagran
Khatm hove riodiya vandan di hod
May 29, 2023 | Chandigarh | Pg No.: 4 | Top Center | Rahul Verma | Sq Cm: 444 | AVE: 237273 | PR Value: 1186365

ਖ਼ਤਮ ਹੋਵੇ ਰਿਓੜੀਆਂ ਵੰਡਣ ਦੀ ਹੋੜ

ਰਾਹੁਲ ਵਰਮਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਰਿਓੜੀ ਸੱਭਿਆਚਾਰ ਖ਼ਤਮ ਕਰਨ ਦੀ ਗੱਲ ਕਰਦੇ ਹਨ ਪਰ ਅਜਿਹੀ ਪੇਸ਼ਕਸ਼ 'ਚ ਭਾਜਪਾ ਵੀ ਪਿੱਛੇ ਨਹੀਂ...

ਕਰਨਾਟਕ 'ਚ ਨਵੀਂ ਬਣੀ ਕਾਂਗਰਸ ਸਰਕਾਰ ਨੇ ਸੱਤਾ ਸੰਭਾਲਦਿਆਂ ਹੀ ਚੋਣਾਂ 'ਚ ਕੀਤੇ ਗਏ ਪੰਜ ਵਾਅਦਿਆਂ ਨੂੰ ਸਿਧਾਂਤਕ ਮਨਜ਼ੂਰੀ ਪ੍ਰਦਾਨ ਕੀਤੀ ਹੈ। ਇਨ੍ਹਾਂ ਪੰਜ ਵਾਅਦਿਆਂ 'ਚ ਹਰ ਔਰਤ ਨੂੰ 2,000 ਰੁਪਏ ਪ੍ਰਤੀ ਮਹੀਨਾ ਭੱਤਾ ਅਤੇ ਘਰ ਨੂੰ 200 ਯੂਨਿਟ ਬਿਜਲੀ ਮੁਫ਼ਤ ਦਿੱਤੀ ਜਾਣੀ ਹੈ। ਗ਼ਰੀਬ ਪਰਿਵਾਰਾਂ ਨੂੰ ਹਰ ਮਹੀਨੇ 10 ਕਿੱਲੋ ਚੌਲ ਅਤੇ ਔਰਤਾਂ ਨੂੰ ਮੁਫ਼ਤ ਬੱਸ ਯਾਤਰਾ ਦੀ ਸਹੂਲਤ ਮਿਲੇਗੀ। ਉੱਥੇ ਹੀ ਡਿਪਲੋਮਾ ਹੋਲਡਰ ਬੇਰੁਜ਼ਗਾਰਾਂ ਨੂੰ ਹਰ ਮਹੀਨੇ 1,500 ਅਤੇ ਡਿਗਰੀ ਹੋਲਡਰਾਂ ਨੂੰ 3,000 ਰੁਪਏ ਦਾ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ।

ਇਕ ਮੋਟੇ ਅਨੁਮਾਨ ਅਨੁਸਾਰ ਇਨ੍ਹਾਂ ਪੰਜ ਵਾਅਦਿਆਂ ਦੀ ਪੂਰਤੀ ਕਰਨ ਲਈ ਸੂਬਾ ਸਰਕਾਰ ਦੇ ਖ਼ਜ਼ਾਨੇ 'ਤੇ ਹਰ ਸਾਲ ਕਰੀਬ 50,000 ਕਰੋੜ ਰੁਪਏ ਦਾ ਬੋਝ ਪਵੇਗਾ। ਵਿੱਤੀ ਵਰ੍ਹੇ 2022-23 ਲਈ ਕਰਨਾਟਕ ਦੇ ਬਜਟ 'ਚ 61,564 ਕਰੋੜ ਰੁਪਏ ਦੇ ਵਿੱਤੀ ਘਾਟੇ ਦਾ ਅਨੁਮਾਨ ਲਾਇਆ ਗਿਆ, ਜੋ ਸੂਬੇ ਦੇ ਕੁੱਲ ਘਰੇਲੂ ਉਤਪਾਦ (ਜੀਐੱਸਡੀਪੀ) ਦੇ 3.26 ਫ਼ੀਸਦੀ ਦੇ ਬਰਾਬਰ ਹੈ। ਇਸ ਸੂਰਤ 'ਚ 50,000 ਕਰੋੜ ਦੇ ਵਾਧੂ ਖ਼ਰਚ ਨਾਲ ਸੂਬੇ ਦੇ ਖ਼ਜ਼ਾਨੇ 'ਤੇ ਪੈਣ ਵਾਲੇ ਭਾਰੀ ਬੋਝ ਦਾ ਸਹਿਜੇ ਹੀ ਮੁਲਾਂਕਣ ਕੀਤਾ ਜਾ ਸਕਦਾ ਹੈ।

ਫ਼ਿਲਹਾਲ ਕਾਂਗਰਸ ਨੂੰ ਕਰਨਾਟਕ ਚੋਣਾਂ 'ਚ ਮਿਲੀ ਕਾਮਯਾਬੀ ਤੋਂ ਬਾਅਦ ਹੋਰਨਾਂ ਸੂਬਿਆਂ 'ਚ ਵੀ ਸਿਆਸੀ ਪਾਰਟੀਆਂ ਨੇ ਇਸ ਤਰ੍ਹਾਂ ਦੀ ਲੋਕਲੁਭਾਊ ਪੇਸ਼ਕਸ਼ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਦਿੱਲੀ ਅਤੇ ਪੰਜਾਬ 'ਚ ਆਮ ਆਦਮੀ ਪਾਰਟੀ ਨੇ ਇਸ ਨੂੰ ਸਫਲਤਾ ਦਾ ਸਿਆਸੀ ਸੂਤਰ ਬਣਾ ਲਿਆ। ਉੱਥੇ ਹੀ, ਹੁਣ ਕਰਨਾਟਕ ਦੀ ਕਾਮਯਾਬੀ ਤੋਂ ਉਤਸ਼ਾਹਿਤ ਹੋ ਕੇ ਕਾਂਗਰਸ ਨੇ ਮੱਧ ਪ੍ਰਦੇਸ਼ ਤੋਂ ਲੈ ਕੇ ਹਰਿਆਣੇ 'ਚ ਇਸ ਤਰ੍ਹਾਂ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਹਰਿਆਣਾ 'ਚ ਤਾਂ ਕਾਂਗਰਸ ਨੇ 100 ਗਜ਼ ਦੇ ਪਲਾਟ ਤੱਕ ਦੇਣ ਦਾ ਐਲਾਨ ਕੀਤਾ ਹੈ। ਆਖ਼ਰ ਜ਼ਮੀਨ ਜਿਹੇ ਦੁਰਲੱਭ ਵਸੀਲੇ ਨੂੰ ਲੈ ਕੇ ਕੋਈ ਪਾਰਟੀ ਕਿਸ ਤਰ੍ਹਾਂ ਅਜਿਹਾ ਵਾਅਦਾ ਕਰ ਸਕਦੀ ਹੈ ਖ਼ਾਸ ਤੌਰ 'ਤੇ ਸ਼ਹਿਰੀ ਇਲਾਕਿਆਂ 'ਚ।

ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਤਰ੍ਹਾਂ ਦੇ ਐਲਾਨਾਂ ਦਾ ਹੜ੍ਹ ਆ ਸਕਦਾ ਹੈ। ਇਹ ਦੇਸ਼ ਦੀ ਆਰਥਿਕ ਸਥਿਤੀ ਲਈ ਸ਼ੁਭ ਸੰਕੇਤ ਨਹੀਂ। ਭਾਰਤੀ ਰਿਜ਼ਰਵ ਬੈਂਕ ਪਹਿਲਾਂ ਵੀ ਕਈ ਸੂਬਿਆਂ ਨੂੰ ਗ਼ੈਰ-ਜ਼ਰੂਰੀ ਖ਼ਰਚਿਆਂ ਲਈ ਚੇਤੰਨ ਕਰ ਚੁੱਕਿਆ ਹੈ। ਇਸ ਸੂਰਤ 'ਚ ਕੀ ਇਹ ਨਹੀਂ ਸੋਚਿਆ ਜਾਣਾ ਚਾਹੀਦਾ ਕਿ ਚੋਣ ਮਨੋਰਥ ਪੱਤਰ ਨੂੰ ਵਿਵਹਾਰਕ ਬਣਾਉਣ ਦੀ ਦਿਸ਼ਾ 'ਚ ਮੰਥਨ ਸ਼ੁਰੂ ਕੀਤਾ ਜਾਵੇ। ਰਿਓੜੀਆਂ ਵੰਡਣ 'ਚ ਕੋਈ ਵੀ ਪਾਰਟੀ ਕਿਸੇ ਤੋਂ ਪਿੱਛੇ ਨਹੀਂ ਹੈ ਤਾਂ ਇਸ 'ਚ ਕੋਈ ਅਜਿਹਾ ਹੱਲ ਆਸਾਨੀ ਨਾਲ ਨਿਕਲਦਾ ਹੋਇਆ ਨਹੀਂ ਦਿਸਦਾ, ਜੋ ਸਭ ਨੂੰ ਮਨਜ਼ੂਰ ਹੋਵੇ।

ਇਸ ਮਾਮਲੇ 'ਚ ਚੋਣ ਕਮਿਸ਼ਨ ਵੀ ਪਾਰਟੀਆਂ ਲਈ ਕੋਈ ਲਾਜ਼ਮੀ ਤਜਵੀਜ਼ ਨਹੀਂ ਬਣਾ ਸਕਦਾ। ਸੁਪਰੀਮ ਕੋਰਟ ਨੇ ਵੀ 2013 'ਚ ਕਹਿ ਦਿੱਤਾ ਕਿ ਉਹ ਇਸ 'ਚ ਕੋਈ ਵਿਵਸਥਾ ਨਹੀਂ ਬਣਾ ਸਕਦਾ ਅਤੇ ਉਸ ਨੇ ਗੇਂਦ ਸਿਆਸੀ ਪਾਰਟੀਆਂ ਦੇ ਪਾਲੇ 'ਚ ਸੁੱਟ ਦਿੱਤੀ ਪਰ ਪਾਰਟੀਆਂ ਦੇ ਪੱਧਰ 'ਤੇ ਇਸ ਵਿਸ਼ੇ 'ਚ ਕੋਈ ਗੰਭੀਰਤਾ ਨਹੀਂ ਦਿਸਦੀ। ਕਾਂਗਰਸ ਵੱਲੋਂ ਪੁਰਾਣੀ ਪੈਨਸ਼ਨ ਯੋਜਨਾ ਦੇ ਜਿੰਨ ਨੂੰ ਬੋਤਲ 'ਚੋਂ ਬਾਹਰ ਕੱਢਣਾ ਇਸ ਦੀ ਇਕ ਵੱਡੀ ਉਦਾਹਰਨ ਹੈ, ਜਿਸ ਦੀ ਆਲੋਚਨਾ ਕਾਂਗਰਸ ਵੱਲ ਝੁਕਾਅ ਰੱਖਣ ਵਾਲੇ ਬੁੱਧੀਜੀਵੀ ਵੀ ਕਰ ਚੁੱਕੇ ਹਨ।



ਕੀ ਮੁਫ਼ਤ ਤੋਹਫ਼ਿਆਂ ਦੀ ਪੇਸ਼ਕਸ਼ ਹੀ ਚੋਣਾਂ 'ਚ ਫ਼ੈਸਲਾਕੁੰਨ ਸਿੱਧ ਹੋ ਕੇ ਕਿਸੇ ਪਾਰਟੀ ਨੂੰ ਸੱਤਾ ਦਿਵਾਉਣ 'ਚ ਸਹਾਇਕ ਹੁੰਦੀ ਹੈ। ਕਰਨਾਟਕ ਦੀ ਹਾਲੀਆ ਉਦਾਹਰਨ ਨੂੰ ਹੀ ਦੇਖੀਏ ਤਾਂ ਉੱਥੇ ਕੇਵਲ ਕਾਂਗਰਸ ਨੇ ਹੀ ਨਹੀਂ ਸਗੋਂ ਭਾਜਪਾ ਅਤੇ ਜਨਤਾ ਦਲ-ਸੈਕੂਲਰ ਨੇ ਵੀ ਤਕਰੀਬਨ ਇਸੇ ਤਰ੍ਹਾਂ ਦੇ ਵਾਅਦੇ ਕੀਤੇ ਸਨ। ਸਪੱਸ਼ਟ ਹੈ ਕਿ ਚੋਣਾਂ 'ਚ ਕੇਵਲ ਇਹੋ ਯੋਜਨਾਵਾਂ ਹੀ ਮਾਅਨੇ ਨਹੀਂ ਰੱਖਦੀਆਂ। ਇਸ ਸਿਲਸਿਲੇ 'ਚ 2015 'ਚ ਅਸੀਂ ਦਿੱਲੀ 'ਚ ਇਕ ਅਧਿਐਨ ਕਰਵਾਇਆ ਸੀ।

ਅਧਿਐਨ 'ਚ ਸ਼ਾਮਲ ਇਕ ਸਮੂਹ ਨੇ ਮੰਨਿਆ ਕਿ ਬਿਜਲੀ ਅਤੇ ਪਾਣੀ ਜਿਹੀਆਂ ਬੁਨਿਆਦੀ ਸਹੂਲਤਾਂ ਉਨ੍ਹਾਂ ਨੂੰ ਮੁਫ਼ਤ 'ਚ ਮਿਲਣਗੀਆਂ ਤਾਂ ਚੰਗਾ ਹੈ। ਜਦੋਂ ਉਨ੍ਹਾਂ ਨੂੰ ਇਹ ਦੱਸਿਆ ਗਿਆ ਕਿ ਇਨ੍ਹਾਂ ਸਹੂਲਤਾਂ ਨਾਲ ਸਰਕਾਰੀ ਖ਼ਜ਼ਾਨੇ 'ਤੇ ਕਰੀਬ 500 ਕਰੋੜ ਰੁਪਏ ਦਾ ਬੋਝ ਵਧੇਗਾ ਤਾਂ ਮੁਫ਼ਤ ਸਹੂਲਤਾਂ ਨੂੰ ਪਸੰਦ ਕਰਨ ਵਾਲਿਆਂ ਦੀ ਗਿਣਤੀ 'ਚ ਲਗਭਗ 20 ਫ਼ੀਸਦੀ ਦੀ ਕਮੀ ਆ ਗਈ। ਸਪੱਸ਼ਟ ਹੈ ਕਿ ਜੇ ਜਨਤਾ 'ਚ ਇਸ ਨੂੰ ਲੈ ਕੇ ਜਾਗਰੂਕਤਾ ਦਾ ਪ੍ਰਸਾਰ ਹੋਵੇਗਾ ਤਾਂ ਸੰਭਵ ਹੈ ਕਿ ਸਿਆਸੀ ਪਾਰਟੀਆਂ ਨੂੰ ਵੀ ਆਪਣੀ ਰਣਨੀਤੀ ਬਦਲਣੀ ਪਵੇਗੀ।

ਭਾਵੇਂ ਹੀ ਇਸ ਮਾਮਲੇ 'ਚ ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਨੇ ਆਪਣੇ ਲਈ ਲਛਮਣ ਰੇਖਾ ਖਿੱਚ ਦਿੱਤੀ ਹੋਵੇ ਪਰ ਕਿਤੇ ਨਾ ਕਿਤੇ ਜਨਤਾ, ਸਮਾਜ ਅਤੇ ਸਿਆਸੀ ਪਾਰਟੀਆਂ ਸਮੇਤ ਸਮੁੱਚੇ ਸਿਸਟਮ ਨਾਲ ਜੁੜੇ ਹਿੱਸੇਦਾਰਾਂ ਨੂੰ ਇਸ ਮੁੱਦੇ ਦਾ ਕੋਈ ਕਾਰਗਰ ਹੱਲ ਕੱਢਣਾ ਹੋਵੇਗਾ। ਜਨਤਾ ਨੂੰ ਸਿਆਸੀ ਪਾਰਟੀਆਂ ਨੂੰ ਇਹ ਸਵਾਲ ਕਰਨਾ ਚਾਹੀਦਾ ਹੈ ਕਿ ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਲਈ ਵਿੱਤੀ ਵਸੀਲੇ ਕਿੱਥੋਂ ਆਉਣਗੇ ਕਿਉਂਕਿ ਇਸ 'ਚ ਸਿਰਫ਼ ਵਰਤਮਾਨ ਦੀ ਰਾਜਨੀਤੀ ਦਾ ਹੀ ਨਹੀਂ ਸਗੋਂ ਭਵਿੱਖ ਦੇ ਆਰਥਿਕ ਸੰਤੁਲਨ ਦਾ ਵੀ ਸਵਾਲ ਹੈ। ਉਦੋਂ ਸ਼ਾਇਦ ਪਾਰਟੀਆਂ ਨੂੰ ਇਨ੍ਹਾਂ ਵਾਅਦਿਆਂ ਦੇ ਨਾਲ ਹੀ ਇਨ੍ਹਾਂ ਨੂੰ ਪੂਰਾ ਕਰਨ ਦੀ ਯੋਜਨਾ ਵੀ ਪੇਸ਼ ਕਰਨੀ ਪਵੇ ਅਤੇ ਫਿਰ ਜਨਤਾ ਉਸੇ ਆਧਾਰ 'ਤੇ ਫ਼ੈਸਲਾ ਕਰੇ।

ਫ਼ਿਲਹਾਲ ਲੋਕਲੁਭਾਊਵਾਦ ਨੂੰ ਲੈ ਕੇ ਮੁਕਾਬਲੇਬਾਜ਼ੀ ਜਾਰੀ ਹੈ, ਜਿਸ 'ਚ ਸਾਰੀਆਂ ਪਾਰਟੀਆਂ ਵੱਡੇ-ਵੱਡੇ ਵਾਅਦੇ ਕਰ ਰਹੀਆਂ ਹਨ ਪਰ ਵਿੱਤੀ ਵਸੀਲਿਆਂ ਦੀ ਕਮੀ 'ਚ ਸੂਬੇ ਇਨ੍ਹਾਂ ਨੂੰ ਪੂਰਾ ਕਰਨ ਲਈ ਕੇਂਦਰ ਸਰਕਾਰ ਤੋਂ ਮਦਦ ਦੀ ਅਪੀਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਜਿਵੇਂ ਪੰਜਾਬ ਦੀ ਕਮਾਨ ਸੰਭਾਲਦਿਆਂ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਤੋਂ 50,000 ਕਰੋੜ ਰੁਪਏ ਦਾ ਪੈਕੇਜ ਮੰਗਿਆ। ਸੀਮਤ ਵਸੀਲਿਆਂ ਅਤੇ ਵਿੱਤੀ ਅਨੁਸ਼ਾਸਨ ਨੂੰ ਦੇਖਦਿਆਂ ਕੇਂਦਰ ਸਰਕਾਰ ਦਾ ਅਜਿਹੇ ਪ੍ਰਸਤਾਵਾਂ ਤੋਂ ਇਨਕਾਰ ਸੁਭਾਵਿਕ ਹੈ। ਕੇਂਦਰ ਸਰਕਾਰ ਦੀ ਅਜਿਹੀ ਪ੍ਰਤੀਕਿਰਿਆ ਨੂੰ ਲੈ ਕੇ ਵੀ ਕੁਝ ਸੂਬਿਆਂ 'ਚ ਗੁੱਸਾ ਹੈ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਜੀਐੱਸਟੀ ਤੋਂ ਬਾਅਦ ਕਰਾਂ ਦੇ ਮੋਰਚੇ 'ਤੇ ਉਨ੍ਹਾਂ ਕੋਲ ਅਧਿਕਾਰ ਨਹੀਂ ਬਚੇ। ਉਨ੍ਹਾਂ ਨੂੰ ਕਰਾਂ 'ਚ ਉਨ੍ਹਾਂ ਦੇ ਯੋਗਦਾਨ ਦੇ ਅਨੁਪਾਤ 'ਚ ਮਾਲੀਆ ਸਾਂਝੇਦਾਰੀ 'ਚ ਹਿੱਸੇਦਾਰੀ ਨਹੀਂ ਮਿਲਦੀ। ਇਸ ਮਾਮਲੇ 'ਚ ਦੱਖਣ ਦੇ ਸੂਬਿਆਂ ਦੀ ਸ਼ਿਕਾਇਤ ਹੈ ਕਿ ਕਰ ਵਸੂਲੀ 'ਚ ਉਨ੍ਹਾਂ ਦਾ ਯੋਗਦਾਨ ਜ਼ਿਆਦਾ ਹੋਣ ਦੇ ਬਾਵਜੂਦ ਵਸੀਲਿਆਂ ਦੀ ਵੰਡ ਉੱਤਰ ਪ੍ਰਦੇਸ਼ ਅਤੇ ਬਿਹਾਰ ਜਿਹੇ ਸੂਬਿਆਂ ਨੂੰ ਜ਼ਿਆਦਾ ਹੁੰਦੀ ਹੈ। ਵਸੀਲਿਆਂ ਦੀ ਸਾਂਝੇਦਾਰੀ ਨੂੰ ਲੈ ਕੇ ਤਾਮਿਲਨਾਡੂ ਦੇ ਸਾਬਕਾ ਵਿੱਤ ਮੰਤਰੀ ਰਸਮੀ ਤੌਰ 'ਤੇ ਆਪਣਾ ਪੱਖ ਵੀ ਰੱਖ ਚੁੱਕੇ ਹਨ।

ਸਪੱਸ਼ਟ ਹੈ ਕਿ ਜੇ ਰਿਓੜੀ ਸੱਭਿਆਚਾਰ 'ਤੇ ਰੋਕ ਲਾਉਣੀ ਹੈ ਤਾ ਸਿਆਸੀ ਪਾਰਟੀਆਂ ਨੂੰ ਆਪਣਾ ਸੁਵਿਧਾਵਾਦੀ ਨਜ਼ਰੀਆ ਤਿਆਗਣਾ ਪਵੇਗਾ। ਇਕ ਸਿਆਸੀ ਪਾਰਟੀ ਨੂੰ ਮੁਫ਼ਤ ਤੋਹਫ਼ਿਆਂ ਨਾਲ ਜੁੜੀ ਆਪਣੀ ਯੋਜਨਾ ਤਾਂ ਕਲਿਆਣਕਾਰੀ ਲੱਗਦੀ ਹੈ ਪਰ ਦੂਜੀ ਪਾਰਟੀ ਦੀ ਯੋਜਨਾ ਰਿਓੜੀ ਨਜ਼ਰ ਆਉਂਦੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਇਕ ਪਾਸੇ ਰਿਓੜੀ ਸੱਭਿਆਚਾਰ ਤੋਂ ਮੁਕਤੀ ਦੀ ਗੱਲ ਕਰਦੇ ਹਨ ਪਰ ਅਜਿਹੀਆਂ ਪੇਸ਼ਕਸ਼ਾਂ ਦੇ ਮਾਮਲੇ 'ਚ ਉਨ੍ਹਾਂ ਦੀ ਪਾਰਟੀ ਭਾਜਪਾ ਵੀ ਪਿੱਛੇ ਨਹੀਂ ਰਹਿੰਦੀ। ਇਸ 'ਚ ਕੋਈ ਸ਼ੱਕ ਨਹੀਂ ਕਿ ਰਿਓੜੀ ਸੱਭਿਆਚਾਰ 'ਤੇ ਰੋਕ ਲਾਉਣਾ ਸਮੇਂ ਦੀ ਮੰਗ ਹੈ ਪਰ ਇਸ ਲਈ ਸਾਰਿਆਂ ਨੂੰ ਜ਼ਿੰਮੇਵਾਰੀ ਅਤੇ ਸੰਵੇਦਨਸ਼ੀਲਤਾ ਦਾ ਸਬੂਤ ਦੇਣਾ ਪਵੇਗਾ ਨਹੀਂ ਤਾਂ ਭਾਰਤ ਨੂੰ ਵਿਕਸਿਤ ਦੇਸ਼ ਬਣਾਉਣ ਦਾ ਜੋ ਸੁਪਨਾ ਅਸੀਂ ਦੇਖਦੇ ਹਾਂ, ਉਹ ਪੂਰਾ ਹੋਣਾ ਮੁਸ਼ਕਲ ਹੁੰਦਾ ਜਾਵੇਗਾ।

-(ਲੇਖਕ ਸੈਂਟਰ ਫਾਰ ਪਾਲਿਸੀ ਰਿਸਰਚ 'ਚ